D-DTN-L-QVB

# PUNJABI
## Paper II
## (Literature)

*Time Allowed : Three Hours*

*Maximum Marks : 300*

### *INSTRUCTIONS*

***Candidates should attempt questions 1 and 5 which are compulsory, and any THREE of the remaining questions, selecting at least ONE question from each Section.***

***The number of marks carried by each question is indicated at the end of the question.***

***Answers must be written in Punjabi. (Gurumukhi Script)***

punjabiforias.com
by Satinder Sir

## SECTION A

1. ਹੇਠ ਲਿਖੇ ਤਿੰਨਾ ਕਾਵਿ ਟੋਟਿਆਂ ਦੀ ਪ੍ਰਸੰਗ-ਸਹਿਤ ਆਲੋਚਨਾਤਮਕ ਵਿਆਖਿਆ ਕਰੋ : *20×3=60*

(a) ਨਦਰਿ ਕਰਹਿ ਜੇ ਆਪਣੀ ਤਾ ਨਦਰੀ ਸਤਿਗੁਰੁ ਪਾਇਆ ।।
ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ ।।
ਸਤਿਗੁਰ ਜੇਵਡੁ ਦਾਤਾ ਕੋ ਨਹੀ ਸਭਿ ਸੁਣਿਅਹੁ ਲੋਕ ਸਬਾਇਆ ।।
ਸਤਿਗੁਰਿ ਮਿਲਿਐ ਸਚੁ ਪਾਇਆ ਜਿਨੀ ਵਿਚਹੁ ਆਪੁ ਗਵਾਇਆ ।।
ਜਿਨਿ ਸਚੋ ਸਚੁ ਬੁਝਾਇਆ ।।



Scanned with CamScanner

(b) ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ।।
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ।।੧।।
ਹਥੁ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ ।।੧।। ਰਹਾਉ ।।
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ।।
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ।।੨।।
ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ।।
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ।।੩।।

(c) ਨਹੀਂ ਰੱਬ ਦੇ ਗ਼ਜ਼ਬ ਥੋਂ ਲੋਕ ਡਰਦੇ, ਮੱਥੇ ਲੇਖ ਦੇ ਮੇਖ ਵਹਿ ਗਈ ਜੇ ਨੀ ।
ਜਿਸ ਦਾ ਚੰਨ ਪੁੱਤਰ ਸਵਾਹ ਲਾਇ ਬੈਠਾ, ਦਿੱਤਾ ਰੱਬ ਦਾ ਮਾਉਂ ਸਹਿ ਗਈ ਜੇ ਨੀ ।
ਜਿਸ ਦੇ ਸੋਹਣੇ ਯਾਰ ਦੇ ਕੰਨ ਪਾਟੇ, ਓਹ ਨੱਢੜੀ ਚੌੜ ਹੋ ਗਈ ਜੇ ਨੀ ।
ਵਾਰਿਸ ਸ਼ਾਹ ਫਿਰੇ ਦੁੱਖਾਂ ਨਾਲ ਭਰਿਆ, ਖ਼ਲਕ ਮਗਰ ਕਿਉਂ ਓਸ ਦੇ ਪਈ ਜੇ ਨੀ ।

2. (a) "ਸ਼ੇਖ਼ ਫ਼ਰੀਦ ਜੀ ਦੀ ਬਾਣੀ ਅਤੇ ਵਿਚਾਰਧਾਰਾ ਦੀ ਸਾਰਥਿਕਤਾ ਹਰ ਯੁੱਗ ਵਿਚ ਬਰਕਰਾਰ ਰਹੀ ਹੈ । ਸਾਡੇ ਉੱਤਰ-ਆਧੁਨਿਕ ਯੁੱਗ ਵਿਚ ਵੀ ਇਹ ਬਾਣੀ ਉਤਨੀ ਹੀ ਪ੍ਰਾਸੰਗਿਕ ਹੈ ਜਿਤਨੀ ਇਹ ਫਿਊਡਲ ਯੁੱਗ ਵਿਚ ਸੀ ।।" ਇਸ ਕਥਨ ਦੀ ਰੌਸ਼ਨੀ ਵਿਚ ਇਸ ਬਾਣੀ ਦੀ ਵਰਤਮਾਨ ਯੁੱਗ ਵਿਚ ਸਾਰਥਕਤਾ ਦੀਆਂ ਫ਼ਰੀਦ ਬਾਣੀ ਵਿਚੋਂ ਉਦਾਹਰਣਾਂ ਦੇ ਕੇ ਸਮੀਖਿਆ ਕਰੋ । 30

(b) "ਬੁੱਲ੍ਹੇ ਸ਼ਾਹ ਲਿਖਤ ਨਾਲੋਂ ਵਧੇਰੇ ਬੋਲ ਦਾ ਕਵੀ ਹੈ, ਤੇ ਇਸ ਬੋਲ ਪ੍ਰਕਿਰਤੀ ਦਾ ਪ੍ਰਗਟਾਵਾ ਉਸ ਦੀ ਕਵਿਤਾ ਵਿਚ ਵਿਦਰੋਹੀ ਰੂਪ ਵਿਚ ਹੋਇਆ ਹੈ ।" ਇਸ ਕਥਨ ਦੀ ਰੌਸ਼ਨੀ ਵਿਚ ਬੁੱਲ੍ਹੇ ਸ਼ਾਹ ਦੇ ਕਲਾਮ ਦੀ ਵਿਸ਼ੇਸ਼ਤਾ ਅਤੇ ਸਾਰਥਕਤਾ ਨੂੰ ਬਿਆਨ ਕਰੋ । 30

punjabiforias.com
by Satinder Sir



Scanned with CamScanner

3. (a) "'ਆਸਾ ਦੀ ਵਾਰ' ਵਿਚ ਮਨੁੱਖੀ-ਜੀਵਨ-ਆਦਰਸ਼ ਦੇ ਸਾਰੇ ਦਾਰਸ਼ਨਿਕ, ਅਧਿਆਤਮਕ, ਨੈਤਿਕ, ਸਮਾਜਕ ਤੇ ਰਾਜਨੈਤਿਕ ਪੱਖਾਂ ਉੱਤੇ ਭਰਪੂਰ ਵਿਚਾਰ ਪ੍ਰਗਟ ਕੀਤੇ ਗਏ ਹਨ ।" ਇਸ ਕਥਨ ਦੀ ਰੌਸ਼ਨੀ ਵਿਚ ਇਸ ਬਾਣੀ ਦੇ ਮੂਲ-ਉਦੇਸ਼ ਦੀ ਵਿਆਖਿਆ ਕਰੋ । 30

(b) "ਗੁਰੂ ਨਾਨਕ ਦੇਵ ਜੀ ਨਾ ਕੇਵਲ ਇਕ ਮਹਾਨ ਚਿੰਤਕ ਸਨ, ਇਕ ਅਦੁੱਤੀ ਰਹੱਸਵਾਦੀ ਤੇ ਪ੍ਰਭਾਵਸ਼ਾਲੀ ਸਮਾਜਕ ਨੇਤਾ, ਸਗੋਂ ਇਕ ਵਿਦਰੋਹੀ ਪੁਰਸ਼ ਅਤੇ ਉਤਕ੍ਰਿਸ਼ਟ ਸਾਹਿਤਕਾਰ ਵੀ ਸਨ ।" ਇਸ ਕਥਨ ਦੇ ਸੰਬੰਧ ਵਿਚ 'ਆਸਾ ਦੀ ਵਾਰ', 'ਜਪੁਜੀ' ਅਤੇ 'ਬਾਰਹਮਾਹ' ਦੇ ਆਧਾਰ ਉਤੇ ਗੁਰੂ ਨਾਨਕ ਦੇਵ ਜੀ ਦੀ ਸਾਹਿਤਕ ਪ੍ਰਤਿਭਾ ਉਤੇ ਵਿਚਾਰ ਕਰੋ । 30

4. (a) "ਵਾਰਿਸ ਨਾਲ ਨ ਰੀਸ ਕਿਸੇ ਦੀ, ਉਸ ਦੀ ਸੋਜ਼ ਅਲਹਿਦੀ । ਮਸਤ ਨਿਗਾਹ ਕੀਤੀ ਉਸ ਵੱਲੇ, ਕਿਸੇ ਫ਼ਕੀਰ ਵਲੀ ਦੀ ।" ਇਸ ਕਥਨ ਦੀ ਵਿਆਖਿਆ ਕਰਦੇ ਹੋਏ ਵਾਰਿਸ ਸ਼ਾਹ ਦੀ ਕਿੱਸਾਕਾਰੀ ਦੀ ਵਿਸ਼ੇਸ਼ਤਾ ਬਿਆਨ ਕਰੋ । 30

(b) "'ਹੀਰ ਵਾਰਿਸ' ਵਿਚ ਕਵੀ ਨੇ ਆਪਣੇ ਸਮੇਂ ਦਾ ਸੱਚ ਪੇਸ਼ ਕੀਤਾ ਹੈ । ਇਹ ਰਚਨਾ ਸਮਾਜਕਤਾ ਨਾਲ ਜੁੜੀ ਹੋਈ ਹੈ । ਕਵੀ ਨੇ ਤਤਕਾਲੀ ਸਭਿਆਚਾਰ ਦੀ ਕੇਵਲ ਤਸਵੀਰਕਸ਼ੀ ਹੀ ਨਹੀਂ ਕੀਤੀ ਸਗੋਂ ਕਈ ਥਾਈਂ ਆਲੋਚਨਾ ਵੀ ਕੀਤੀ ਹੈ ।" ਉਪਰੋਕਤ ਦੀ ਰੌਸ਼ਨਾ ਵਿਚ 'ਹੀਰ ਵਾਰਿਸ' ਵਿਚ ਪੇਸ਼ ਹੋਈ ਜੀਵਨ ਦ੍ਰਿਸ਼ਟੀ ਦਾ ਆਲੋਚਨਾਤਮਕ ਅਧਿਐਨ ਕਰੋ । 30

punjabiforias.com by Satinder Sir



Scanned with CamScanner

## SECTION B

5. ਹੇਠ ਲਿਖੇ ਤਿੰਨਾ ਕਾਵਿ/ਗਦ ਖੰਡਾਂ ਦੀ ਪ੍ਰਸੰਗ-ਸਹਿਤ ਆਲੋਚਨਾਤਮਕ ਵਿਆਖਿਆ ਕਰੋ : 20×3=60

(a) ਲੱਗੀ ਧਮਕ ਸਾਡੇ ਹਿੰਦੁਸਤਾਨ ਅੰਦਰ, ਦਿੱਲੀ ਆਗਰੇ, ਹਾਂਸੀ, ਹਸਾਰ ਮੀਆਂ ।
ਬੀਕਾਨੇਰ, ਲਖਨਉ, ਅਜਮੇਰ, ਜੈਪੁਰ, ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ ।
ਚੜ੍ਹੀ ਸਭ ਪੰਜਾਬ ਦੀ ਬਾਦਸ਼ਾਹੀ, ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ, ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ ।

(b) ਮਾਇਆ ਨੂੰ ਇਕ ਨਵੀਂ ਚਿੰਤਾ ਨੇ ਆ ਘੇਰਿਆ । ਚਹੁੰ ਦਿਨਾ ਵਿਚ ਹੀ ਵੀਣਾ ਦਾ ਰੰਗ ਪੀਲਾ ਭੂਕ ਹੋ ਗਿਆ ਸੀ । ਉਸ ਨੇ ਵੀਣਾ ਪਾਸੋਂ ਇਸ ਦਾ ਕਾਰਨ ਪੁੱਛਣਾ ਚਾਹਿਆ, ਪਰ ਉਸ ਦਾ ਹਿਰਦਾ ਇਸ ਵੇਲੇ ਦੁੱਖਾਂ ਫਿਕਰਾਂ ਤੇ ਨਿਰਾਸਤਾ ਨਾਲ ਇਤਨਾ ਭਰਿਆ ਹੋਇਆ ਸੀ ਕਿ ਕੁਝ ਪੁਛਣ ਦੀ ਉਸ ਵਿਚ ਹਿੰਮਤ ਹੀ ਬਾਕੀ ਨਹੀਂ ਸੀ ।

(c) ਬੱਚਿਆਂ ਦੇ ਖਰ੍ਹਵਿਆਂ ਰਾਹਾਂ ਰਸਤਿਆਂ ਉੱਤੇ ਮਾਂ ਆਪਣੇ ਲਾਸਾਨੀ ਪਿਆਰ ਦੇ ਫੁੱਲ ਬੁੱਕਾਂ ਮੂੰਹੀਂ ਖਿਲਾਰਦੀ ਰਹਿੰਦੀ ਹੈ । ਇਹਨਾਂ ਫੁੱਲਾਂ ਨਾਲ ਪਧਰਾਏ ਔਂਡੋ-ਖੋੜੇ ਰਸਤਿਆਂ ਉੱਤੋਂ ਬੱਚੇ ਬੇ-ਖ਼ੌਫ਼ ਲੰਘਦੇ ਰਹਿੰਦੇ ਹਨ, ਏਸ ਗੱਲੋਂ ਬਿਲਕੁਲ ਬੇ-ਪਤਾ ਕਿ ਕਿੰਨੀਆਂ ਮਚਕੋੜਾਂ ਤੋਂ ਇਹਨਾਂ ਫੁੱਲਾਂ ਦੀਆਂ ਮੋਟੀਆਂ ਤਹਿਆਂ ਨੇ ਉਹਨਾਂ ਨੂੰ ਬਚਾ ਕੇ ਰੱਖਿਆ ਹੈ ।

punjabiforias.com
by satinder sir



Scanned with CamScanner

6. (a) "ਧਨੀ ਰਾਮ ਚਾਤ੍ਰਿਕ ਦੀ ਹਰ ਕਵਿਤਾ ਅਨੁਭਵ-ਸੰਚਾਰ ਅਤੇ ਭਾਵ-ਨਿਰੂਪਣ ਦੀ ਦ੍ਰਿਸ਼ਟੀ ਤੋਂ ਪੂਰਨ ਤੌਰ'ਤੇ ਪ੍ਰਮਾਣਿਕ ਅਤੇ ਪਰਿਪੱਕ ਹੈ ।" 'ਚੰਦਨਵਾੜੀ', 'ਸੂਫੀ ਖ਼ਾਨਾ' ਤੇ 'ਨਵਾਂ ਜ਼ਹਾਨ' ਵਿਚੋਂ ਮਿਸਲਾਂ ਦੇ ਕੇ ਉਪਰੋਕਤ ਕਥਨ ਉਤੇ ਵਿਚਾਰ ਕਰੋ । *30*

(b) "ਕਿਸੇ ਰਚਨਾ ਵਿਚ ਦੇਸ਼ ਭਗਤੀ ਦਾ ਅਸਲੀ ਸਰੂਪ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਕੋਈ ਸਾਹਿਤਕਾਰ ਆਪਣੇ ਦੇਸ਼ ਦੀ ਆਜ਼ਾਦੀ ਖੁੱਸ ਜਾਣ'ਤੇ ਆਜ਼ਾਦੀ ਸਮੇਂ ਦੀਆਂ ਗੱਲਾਂ ਨੂੰ ਯਾਦ ਕਰਕੇ ਉਹਨਾਂ ਦੀ ਸਿਫਤ ਕਰਦਾ ਹੈ ਅਤੇ ਖੁੱਸਣ ਦਾ ਅਫ਼ਸੋਸ ਪ੍ਰਗਟ ਕਰਦਾ ਹੈ ।" ਇਸ ਕਥਨ ਦੀ ਰੋਸ਼ਨੀ ਵਿਚ 'ਜੰਗ ਸਿੰਘਾ ਤੇ ਫ਼ਰੰਗੀਆਂ' ਵਿਚੋਂ ਉਦਾਹਰਣਾਂ ਦੇ ਕੇ ਕਵੀ ਦੀ ਕਾਵਿ ਸੰਵੇਦਨਾ ਦਾ ਆਲੋਚਨਾਤਮਕ ਵਰਣਨ ਕਰੋ । *30*

7. (a) " 'ਚਿੱਟਾ ਲਹੂ' ਜ਼ਿੰਦਗੀ ਦੇ ਸਮਾਜਕ-ਸਭਿਆਚਾਰਕ ਪਸਾਰਾਂ ਵਿਚ ਡੂੰਘਾ ਉਤਰਦਾ ਹੈ ਤੇ 'ਪਵਿੱਤਰ ਪਾਪੀ' ਵਿਅਕਤੀ ਦੇ ਮਨੋ-ਸੰਸਾਰ ਵਿਚ, ਪਰ ਦੋਹੀਂ ਥਾਈਂ ਹੀ ਨਾਨਕ ਸਿੰਘ ਦੀ ਆਦਰਸ਼ਵਾਦੀ ਦ੍ਰਿਸ਼ਟੀ ਇਹਨਾਂ ਰਚਨਾਵਾਂ ਦੇ ਮੂਲ ਵਿਚ ਵਿਆਪਤ ਮੰਹਿਦੀ ਹੈ ।" ਇਸ ਕਥਨ ਦੀ ਰੌਸ਼ਨੀ ਵਿਚ ਨਾਨਕ ਸਿੰਘ ਦੀ ਨਾਵਲ ਰਚਨਾ ਉਪਰ ਵਿਚਾਰ ਕਰੋ । *30*

(b) "ਵਾਰਤਕ ਦੇ ਵਿਕਾਸ ਦਾ ਸੰਬੰਧ ਨਵੇਂ ਸਨਅਤੀ ਯੁੱਗ ਦੀਆਂ ਲੋੜਾਂ ਅਤੇ ਕੀਮਤਾਂ ਦੇ ਉਥਾਨ ਨਾਲ ਹੁੰਦਾ ਹੈ । ਗੁਰਬਖ਼ਸ਼ ਸਿੰਘ ਦੀ ਵਾਰਤਕ ਜਿਥੇ ਯੁੱਗ ਸਿਰਜਕ ਹੈ, ਉਥੇ ਇਹ ਯੁੱਗ ਪਰਿਵਰਤਕ ਵੀ ਹੈ ।" ਇਸ ਕਥਨ ਦੇ ਆਧਾਰ ਉਤੇ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਵਾਰਤਕ ਦੀ ਸਾਰਥਕਤਾ ਬਿਆਨ ਕਰੋ । *30*

punjabiforias.com by Satinder Sir



Scanned with CamScanner

8. (a) "ਸੰਤ ਸਿੰਘ ਸੇਖੋਂ ਦੀ ਆਲੋਚਨਾ ਅਨੁਭਵ ਦੇ ਇਤਿਹਾਸਕ ਵਿਵੇਕ ਅਤੇ ਵਿਚਾਰਧਾਰਾ ਨੂੰ ਇਕੱਠਿਆਂ ਗ੍ਰਹਿਣ ਕਰਨਾ ਦਾ ਯਤਨ ਕਰਦੀ ਹੈ, ਪਰ ਅਜੇਹਾ ਕਰਦਿਆਂ ਇਹ ਇਕ ਬੁਨਿਆਦੀ ਉਕਾਈ ਜਾਂ ਊਣ ਦਾ ਸ਼ਿਕਾਰ ਹੋ ਜਾਂਦੀ ਹੈ ।" ਸੰਤ ਸਿੰਘ ਸੇਖੋਂ ਦੀ ਆਲੋਚਨਾ ਦੀ ਸਮੀਖਿਆ ਉਪਰੋਕਤ ਕਥਨ ਦੇ ਆਧਾਰ ਉਪਰ ਕਰੋ । 30

(b) "ਬਲਰਾਜ ਸਾਹਨੀ ਦੇ ਸਫ਼ਰਨਾਮਿਆਂ ਵਿਚ ਵਸਤੂ-ਵਰਣਨ, ਬੌਧਿਕ ਦ੍ਰਿਸ਼ਟੀ ਅਤੇ ਭਾਵਨਾਤਮਕ ਪ੍ਰਤੀਕਰਮ ਵਿਚ ਪਰਸਪਰ ਉਲਾਰਤਾ ਨਜ਼ਰ ਆਉਂਦੀ ਹੈ ।" ਇਸ ਕਥਨ ਦੇ ਆਧਾਰ ਉਪਰ ਬਲਰਾਜ ਸਾਹਨੀ ਦੀ ਵਾਰਤਕ ਦੀ ਸਮੀਖਿਆ ਪੇਸ਼ ਕਰੋ । 30

punjabiforias.com
by Satinder Sir

Scanned with CamScanner